# Harish Rai Dhanda
Advocate

#333 Lawyer's Chambers Complex
3rd Floor, Distt. Courts, Ludhiana.
Mobile : +91 98141-20300
Email : dhandahr@gmail.com


**Dated : 12.05.2023.**

ਸੇਵਾ ਵਿਖੇ

1.ਪੰਜਾਬ ਸਰਕਾਰ ਰਾਹੀਂ ਮੁੱਖ ਸਕੱਤਰ, ਸਿਵਲ ਸਕੱਤਰੇਤ ਚੰਡੀਗੜ੍ਹ (ਨੋਟਿਸੀ ਨੰ:1)

2.ਮੁੱਖ ਸਕੱਤਰ, ਪੰਜਾਬ ਸਰਕਾਰ, ਚੰਡੀਗੜ੍ਹ (ਨੋਟਿਸੀ ਨੰ:2)

3.ਪ੍ਰਮੁੱਖ ਸਕੱਤਰ, ਸੈਰ ਸਪਾਟਾ ਅਤੇ ਸਭਿਆਚਾਰ ਵਿਭਾਗ, ਪੰਜਾਬ ਸਰਕਾਰ, ਚੰਡੀਗੜ੍ਹ (ਨੋਟਿਸੀ ਨੰ:3)

4.ਡਾਇਰੈਕਟਰ, ਸੈਰ ਸਪਾਟਾ ਅਤੇ ਸਭਿਆਚਾਰ ਵਿਭਾਗ, ਪੰਜਾਬ ਸਰਕਾਰ, ਚੰਡੀਗੜ੍ਹ (ਨੋਟਿਸੀ ਨੰ:4)

5.ਚੇਅਰਮੈਨ, ਪੰਜਾਬ ਕਲਾ ਪ੍ਰੀਸ਼ਦ, ਚੰਡੀਗੜ੍ਹ (ਨੋਟਿਸੀ ਨੰ:5)

ਵਿਸ਼ਾ:-ਦੀਵਾਨੀ ਜ਼ਾਬਤਾ **1908** ਦੀ ਧਾਰਾ **80** ਅਧੀਨ ਕਾਨੂੰਨੀ ਨੋਟਿਸ।

ਸ੍ਰੀਮਾਨ ਜੀ,

ਮੈਨੂੰ ਐਡਵੋਕੇਟ ਮਿੱਤਰ ਸੈਨ ਗੋਇਲ ਉਰਫ ਮਿੱਤਰ ਸੈਨ ਮੀਤ ਵਾਸੀ ਉਪਕਾਰ ਨਗਰ, ਲੁਧਿਆਣਾ, ਦਵਿੰਦਰ ਸਿੰਘ ਸੇਖਾ ਵਾਸੀ ਗੁਰੂ ਨਾਨਕ ਦੇਵ ਨਗਰ, ਲੁਧਿਆਣਾ ਅਤੇ ਮਹਿੰਦਰ ਸਿੰਘ ਸੇਖੋਂ ਵਾਸੀ ਬੀ.ਆਰ.ਐਸ. ਨਗਰ, ਲੁਧਿਆਣਾ ਵਲੋਂ ਆਪਣਾ ਵਕੀਲ ਨਿਯੁਕਤ ਕੀਤਾ ਗਿਆ ਹੈ। ਮੇਰੇ ਇਨ੍ਹਾਂ ਸਾਇਲਾਂ ਵਲੋਂ ਮੈਨੂੰ ਉਪਲੱਬਧ ਕਰਵਾਈ ਗਈ ਸੂਚਨਾ ਅਤੇ ਉਨ੍ਹਾਂ ਦੀ ਹਦਾਇਤ ਅਨੁਸਾਰ ਮੈਂ ਆਪ ਨੋਟਿਸੀਜ਼ ਨੂੰ ਹੇਠ ਲਿਖਿਆ ਕਾਨੂੰਨੀ ਨੋਟਿਸ ਦੇ ਰਿਹਾ ਹਾਂ:-

1. (ੳ) ਪੰਜਾਬੀ ਭਾਸ਼ਾ ਪਸਾਰ ਭਾਈਚਾਰਾ ਇੱਕ ਅੰਤਰਰਾਸ਼ਟਰੀ ਸੰਸਥਾ ਹੈ ਜੋ ਦੁਨੀਆ ਭਰ ਵਿੱਚ ਪੰਜਾਬੀ ਭਾਸ਼ਾ ਦੇ ਵਿਕਾਸ ਅਤੇ ਪਸਾਰ ਲਈ ਯਤਨਸ਼ੀਲ ਹੈ। ਇਸ ਸੰਸਥਾ ਦਾ ਇਕ ਕਾਰਜ ਪੰਜਾਬੀ ਦੇ ਵਿਕਾਸ ਲਈ ਕੇਂਦਰ ਅਤੇ ਪੰਜਾਬ ਸਰਕਾਰ ਵਲੋਂ ਸਥਾਪਤ ਅਦਾਰਿਆਂ ਦੇ ਕੰਮ ਕਾਜ, ਅਤੇ ਉਨ੍ਹਾਂ ਵਲੋਂ ਸਰਕਾਰੀ ਗਰਾਂਟ ਦੀ ਕੀਤੀ ਜਾ ਰਹੀ ਸੁਚੱਜੀ/ਦੁਰਵਰਤੋਂ ਤੇ ਪੈਨੀ ਨਜ਼ਰ ਰੱਖਣਾ ਵੀ ਹੈ। ਮੇਰੇ ਸਾਇਲ ਇਸ ਸੰਸਥਾ ਦੇ ਸਰਗਰਮ ਕਾਰਕੁੰਨ ਅਤੇ ਸੰਚਾਲਕ ਹਨ।

(ਅ) ਨੋਟਿਸ ਦੇ ਸ਼ੁਰੂ ਵਿਚ ਹੀ ਆਪ ਜੀ ਦੇ ਧਿਆਨ ਵਿਚ ਲਿਆਂਦਾ ਜਾ ਰਿਹਾ ਹੈ ਕਿ ਇਸ ਨੋਟਿਸ ਵਿੱਚ ਦਰਜ ਸਾਰੇ ਤੱਥ ਉਹ ਹਨ ਜੋ ਮੇਰੇ ਸਾਇਲਾਂ ਨੂੰ ਕਲਾ ਪ੍ਰੀਸ਼ਦ ਵਲੋਂ ਆਪਣੀ ਚਿੱਠੀ ਮਿਤੀ 09.12.2022 ਅਤੇ ਚਿੱਠੀ ਮਿਤੀ 23.12.2022 ਰਾਹੀਂ ਉਪਲਬਧ ਕਰਵਾਏ ਗਏ ਹਨ।

2. ਪੰਜਾਬ ਕਲਾ ਪ੍ਰੀਸ਼ਦ ਵਲੋਂ ਉਪਲਬਧ ਕਰਵਾਈ ਗਈ ਸੂਚਨਾ ਅਨੁਸਾਰ ਮਿਤੀ 01.01.2017 ਤੋਂ 30.06.2022 ਤੱਕ ਪੰਜਾਬ ਸਰਕਾਰ ਵੱਲੋਂ, ਕਲਾ ਪ੍ਰੀਸ਼ਦ ਨੂੰ ਕਰੀਬ 4 ਕਰੋੜ 80 ਲੱਖ ਰੁਪਏ ਦੀ ਗਰਾਂਟ ਦਿੱਤੀ ਗਈ। ਇਹ ਸੂਚਨਾ ਇਹ ਵੀ ਦਸਦੀ ਹੈ ਕਿ ਕਲਾ ਪ੍ਰੀਸ਼ਦ ਅਤੇ ਅਕੈਡਮੀਆਂ ਦੇ ਪ੍ਰਬੰਧਕਾਂ ਨੇ ਇਸ ਗ੍ਰਾਂਟ ਦਾ ਵੱਡਾ ਹਿੱਸਾ, ਸਾਰੇ ਨਿਯਮਾਂ ਨੂੰ ਨਜ਼ਰ ਅੰਦਾਜ਼ ਕਰਕੇ, ਆਪਣੇ ਨਿੱਜੀ ਹਿੱਤਾਂ ਦੀ ਪੂਰਤੀ ਲਈ ਜਾਂ ਫੇਰ ਆਪਣੇ ਜਾਣਕਾਰ ਮਿੱਤਰਾਂ ਦੀਆਂ ਝੋਲੀਆਂ ਭਰਨ ਤੇ ਖਰਚ ਕੀਤਾ।

3. ਸਰਕਾਰੀ ਰਕਮ ਦੀ ਹੋਈ ਵੱਡੀ ਦੁਰਵਰਤੋਂ ਦੇ ਸਬੂਤ, ਇਕ ਇਕ ਕਰਕੇ ਹੇਠ ਦਰਜ ਕੀਤੇ ਜਾ ਰਹੇ ਹਨ:-

3(1). ਪ੍ਰਾਪਤ ਹੋਈ ਸਰਕਾਰੀ ਗਰਾਂਟ ਨੂੰ ਕਲਾ ਪ੍ਰੀਸ਼ਦ ਦੇ ਚੇਅਰਮੈਨ ਅਤੇ ਹੋਰ ਸਬੰਧਤ ਆਹੁਦੇਦਾਰਾਂ ਵਲੋਂ, ਅਗਾਂਹ ਆਪਣੇ ਅਧੀਨ ਕੰਮ ਕਰਦੀਆਂ ਤਿੰਨ ਅਕੈਡਮੀਆਂ ਵਿਚਕਾਰ ਵੰਡਣ ਸਮੇਂ ਹੀ ਪੰਜਾਬ ਸਾਹਿਤ ਅਕੈਡਮੀ ਨਾਲ ਪੱਖਪਾਤ ਕੀਤਾ ਗਿਆ।

(ੳ) ਪੰਜਾਬ ਕਲਾ ਪ੍ਰੀਸ਼ਦ ਵਲੋਂ ਉਪਲਬਧ ਕਰਵਾਈ ਗਈ ਸੂਚਨਾ ਅਨੁਸਾਰ ਪਿਛਲੇ ਪੰਜ ਸਾਲਾਂ ਵਿਚ, ਪੰਜਾਬ ਸਰਕਾਰ ਵੱਲੋਂ ਕਲਾ ਪ੍ਰੀਸ਼ਦ ਨੂੰ 4.8 ਕਰੋੜ ਰੁਪਏ ਦੀ ਗਰਾਂਟ ਦਿੱਤੀ ਗਈ।

4 ਕਰੋੜ 80 ਲੱਖ ਰੁਪਏ ਦੀ ਇਸ ਗ੍ਰਾਂਟ ਵਿਚੋਂ, ਕਲਾ ਪ੍ਰੀਸ਼ਦ ਦੇ ਚੇਅਰਮੈਨ ਅਤੇ ਹੋਰ ਸਬੰਧਤ ਪ੍ਰਮੁੱਖ ਆਹੁਦੇਦਾਰਾਂ ਵਲੋਂ, ਵੱਖ ਵੱਖ ਅਕੈਡਮੀਆਂ ਨੂੰ ਹੇਠ ਲਿਖੇ ਅਨੁਸਾਰ ਰਕਮ ਤਕਸੀਮ ਕੀਤੀ ਗਈ:

(1) ਪੰਜਾਬ ਲਲਿਤ ਅਕੈਡਮੀ ਨੂੰ ਸੱਭ ਤੋਂ ਵੱਧ, 1 ਕਰੋੜ 87 ਲੱਖ 81 ਹਜ਼ਾਰ ਰੁਪਏ,

(2) ਪੰਜਾਬ ਸੰਗੀਤ ਅਤੇ ਨਾਟਕ ਅਕੈਡਮੀ ਨੂੰ 1 ਕਰੋੜ 78 ਲੱਖ 20 ਹਜ਼ਾਰ ਰੁਪਏ ਅਤੇ

(3) ਪੰਜਾਬ ਸਾਹਿਤ ਅਕੈਡਮੀ ਨੂੰ ਕੇਵਲ 85 ਲੱਖ 70 ਹਜ਼ਾਰ ਰੁਪਏ ਹੀ ਦਿਤੇ ਗਏ। ਦੂਜੀਆਂ ਉਕਤ ਦੋਵੇਂ ਅਕੈਡਮੀਆਂ ਨਾਲੋਂ ਕਰੀਬ 1 ਕਰੋੜ ਰੁਪਏ ਘੱਟ।

(ਅ) ਧਿਆਨਯੋਗ ਹੈ ਕਿ 4 ਕਰੋੜ 80 ਲੱਖ ਰੁਪਏ ਦੀ ਗਰਾਂਟ ਵਿਚੋਂ, ਪੰਜਾਬ ਕਲਾ ਪ੍ਰੀਸ਼ਦ ਵਲੋਂ (ਮੇਰੇ ਸਾਇਲਾਂ ਨੂੰ ਸੂਚਨਾ ਅਧਿਕਾਰ ਕਾਨੂੰਨ 2005 ਅਧੀਨ ਮੰਗੀ ਗਈ ਸੂਚਨਾ ਦੇ ਜਵਾਬ ਵਿਚ), ਕੇਵਲ 1 ਕਰੋੜ 20 ਲੱਖ 91 ਹਜ਼ਾਰ 384 ਰੁਪਏ ਦਾ ਹਿਸਾਬ ਹੀ ਦਿੱਤਾ ਗਿਆ ।ਇਹ ਵੀ ਨਹੀਂ ਦੱਸਿਆ ਗਿਆ ਕਿ ਤਿੰਨਾਂ ਅਕੈਡਮੀਆਂ ਨੇ ਆਪਣੇ ਹਿੱਸੇ ਆਈ ਰਕਮ ਕਿਥੇ ਕਿਥੇ ਖਰਚ ਕੀਤੀ। ਬਾਕੀ ਦੇ 3 ਕਰੋੜ 59 ਲੱਖ ਰੁਪਏ ਦਾ ਹਿਸਾਬ ਹਾਲੇ ਤੱਕ ਮੇਰੇ ਸਾਇਲਾਂ ਨੂੰ ਨਹੀਂ ਦਿੱਤਾ ਗਿਆ।

4. ਮੰਚਨ ਲਈ ਨਾਟਕਾਂ ਦੀ ਚੋਣ ਅਤੇ ਨਾਟਕ ਕਰਨ ਵਾਲੀਆਂ ਟੀਮਾਂ ਨੂੰ ਦਿੱਤੀ ਜਾਣ ਵਾਲੀ ਮਾਣ ਭੇਟਾ ਨਿਸ਼ਚਤ ਕਰਦੇ ਸਮੇਂ ਕਲਾ ਪ੍ਰੀਸ਼ਦ ਦੇ ਪ੍ਰਮੁੱਖ ਅਹੁਦੇਦਾਰਾਂ (ਅਗੋਂ ਤੋਂ ਇਨ੍ਹਾਂ ਆਹੁਦੇਦਾਰਾਂ ਵਿਚ ਸਬੰਧਤ ਅਕੈਡਮੀ ਦੇ ਅਹੁਦੇਦਾਰ ਵੀ ਸ਼ਾਮਲ ਸਮਝੇ ਜਾਣ) ਨੇ ਦੱਬ ਕੇ ਸਰਕਾਰੀ ਧਨ ਦੀ ਦੁਰਵਰਤੋਂ ਕੀਤੀ ਗਈ। ਜਿਵੇਂ ਕਿ:

(ੳ) ਇਸ ਸਮੇਂ ਦੌਰਾਨ ਕਲਾ ਪ੍ਰੀਸ਼ਦ ਵਲੋਂ 42 ਨਾਟਕ ਕਰਵਾਏ ਗਏ। 42 ਵਿਚੋਂ 32 ਨਾਟਕ ਆਪਣੇ ਆਪ ਨੂੰ ਜਾਂ ਆਪਣੇ ਨਜ਼ਦੀਕੀਆਂ ਨੂੰ ਦਿੱਤੇ ਗਏ। ਇਸ ਕਾਣੀ ਵੰਡ ਦਾ ਵੇਰਵਾ ਇਹ ਹੈ: (ੳ) 25 ਨਾਟਕ ਇਕ ਹੀ ਨਾਟਕ ਗਰੁੱਪ 'ਪੰਜਾਬੀ ਸੰਵਾਦ (ਅੰਮ੍ਰਿਤਸਰ)' ਨੂੰ ਮੰਚਨ ਲਈ ਦਿੱਤੇ ਗਏ ਅਤੇ ਇਸ ਨਾਟਕ ਗਰੁੱਪ ਨੂੰ 30000/ ਰੁਪਏ ਪ੍ਰਤੀ ਨਾਟਕ ਦੇ ਹਿਸਾਬ ਨਾਲ ਕੁੱਲ 7 ਲੱਖ 50 ਹਜ਼ਾਰ ਰੁਪਏ ਦਿੱਤੇ ਗਏ। (ਅ) ਮੰਚ ਰੰਗ ਮੰਚ (ਅੰਮ੍ਰਿਤਸਰ), ਜੋ ਪੰਜਾਬ ਨਾਟਕ ਅਕਾਦਮੀ ਦੇ ਪ੍ਰਧਾਨ ਜੀ ਦਾ ਆਪਣਾ ਗਰੁੱਪ ਹੈ, ਵਲੋਂ 7 ਨਾਟਕ ਕੀਤੇ ਗਏ ਅਤੇ ਇਸ ਨਾਟਕ ਗਰੁੱਪ ਨੂੰ 50,000/ ਰੁਪਏ ਪ੍ਰਤੀ ਨਾਟਕ ਦੇ ਹਿਸਾਬ ਨਾਲ ਕੁੱਲ 3 ਲੱਖ 50 ਹਜ਼ਾਰ ਰੁਪਏ ਦਿੱਤੇ ਗਏ। (ੲ) ਸੁਖਨਵਾਰ ਕਲਚਰਲ ਸੁਸਾਇਟੀ, ਜਿਸ ਗਰੁੱਪ ਦਾ ਅਸਲ ਨਾਂ ਸੁਖਨਵਰ ਰੰਗ ਮੰਚ ਹੈ, ਵਲੋਂ 3 ਨਾਟਕ ਕੀਤੇ ਗਏ ਅਤੇ ਇਸ ਗਰੁੱਪ ਨੂੰ ਕੁੱਲ 1,30,000/ ਰੁਪਏ ਦਿੱਤੇ ਗਏ। (ਸ) ਬਾਕੀ ਦੇ 7 ਨਾਟਕਾਂ ਦਾ ਮੰਚਨ ਸੱਤ ਵੱਖ ਵੱਖ ਗਰੁੱਪਾਂ ਜਾਂ ਵਿਅਕਤੀਆਂ ਵਲੋਂ ਕੀਤਾ ਗਿਆ। ਹਰ ਗਰੁੱਪ ਜਾਂ ਵਿਅਕਤੀ ਨੂੰ ਮੰਚਨ ਲਈ ਇਕ ਇਕ ਨਾਟਕ ਦਿੱਤਾ ਗਿਆ। ਇਨ੍ਹਾਂ ਸੱਤ ਗਰੁਪਾਂ ਵਿਚੋਂ ਇਕ ਗਰੁੱਪ ਨੂੰ ਕੇਵਲ 15,000/ ਅਤੇ ਦੂਜੇ ਨੂੰ ਕੇਵਲ 20,000/ ਰੁਪਏ ਹੀ ਦਿੱਤੇ ਗਏ।

(ਅ) ਵਰਨਣਯੋਗ ਹੈ ਕਿ ਮੇਰੇ ਸਾਇਲਾਂ ਨੂੰ ਕਲਾ ਪ੍ਰੀਸ਼ਦ ਵਲੋਂ ਉਪਲਬਧ ਕਰਵਾਈ ਸੂਚਨਾ ਅਨੁਸਾਰ ਨਾਟਕਾਂ ਦੀ ਚੋਣ ਪੰਜਾਬ ਕਲਾ ਪ੍ਰੀਸ਼ਦ ਦੇ ਚੇਅਰਮੈਨ ਅਤੇ ਕੋਰ ਕਮੇਟੀ ਵਲੋਂ ਕੀਤੀ ਜਾਂਦੀ ਹੈ।

ਇਸ ਉਦੇਸ਼ ਲਈ ਸਰਕਾਰੀ ਧਨ ਦੀ ਕੀਤੀ ਗਈ ਦੁਰਵਰਤੋਂ ਸਿੱਧ ਕਰਦੇ ਤਰਕ:

(ੳ) 42 ਵਿਚੋਂ 25 ਨਾਟਕ ਕੇਵਲ ਇੱਕ ਸੰਸਥਾ, ਉਹ ਵੀ ਅੰਮ੍ਰਿਤਸਰ ਦੀ, ਨੂੰ ਦੇ ਕੇ ਕਲਾ ਪ੍ਰੀਸ਼ਦ ਦੇ ਸਬੰਧਤ ਅਧਿਕਾਰੀਆਂ ਵਲੋ ਇਕ ਗਰੁੱਪ ਨੂੰ ਵੱਡਾ ਮਾਲੀ ਲਾਭ ਪਹੁੰਚਾਇਆ ਗਿਆ। (ਅ) ਨਾਟਕ ਅਕਾਦਮੀ ਦੇ ਪ੍ਰਧਾਨ ਦੇ ਆਪਣੇ ਗਰੁੱਪ ਵਲੋਂ ਸਤ ਨਾਟਕ ਕੀਤੇ ਗਏ। ਇਸ ਗਰੁੱਪ ਨੂੰ ਇਕ ਨਾਟਕ ਦੇ ਮੰਚਨ ਲਈ ਸਭ ਤੋਂ ਵੱਧ 50 ਹਜ਼ਾਰ ਰੁਪਏ ਦਿੱਤੇ ਗਏ। ਉਸੇ ਪੱਧਰ ਦੇ ਬਾਕੀ ਨਾਟਕ ਗਰੁੱਪਾਂ ਨੂੰ 15 ਹਜ਼ਾਰ ਜਾਂ 25 ਹਜ਼ਾਰ ਰੁਪਏ ਦਿੱਤੇ ਗਏ। ਇੰਝ ਨਾਟਕ ਅਤੇ ਸੰਗੀਤ ਅਕੈਡਮੀ ਦੇ ਸਬੰਧਤ ਅਧਿਕਾਰੀਆਂ ਵਲੋਂ ਆਪਣੇ ਸਰਕਾਰੀ ਅਹੁਦੇ ਦੀ ਦੁਰਵਰਤੋਂ ਕਰਕੇ ਆਪਣੇ ਆਪ ਨੂੰ ਅਤੇ ਆਪਣੇ ਨਜ਼ਦੀਕੀਆਂ ਨੂੰ ਮਾਲੀ ਲਾਭ ਪਹੁੰਚਾਇਆ। ਅਤੇ ਸਰਕਾਰੀ ਧਨ ਦੀ ਸਪਸ਼ਟ ਦੁਰਵਰਤੋਂ ਕੀਤੀ।

3(2). ਪੰਜਾਬ ਕਲਾ ਪ੍ਰੀਸ਼ਦ ਦੇ ਪ੍ਰਮੁੱਖ ਪ੍ਰਬੰਧਕਾਂ ਵਲੋਂ ਆਪਣੇ ਨਜ਼ਦੀਕੀ ਵਿਅਕਤੀਆਂ ਨੂੰ 'ਸਨਮਾਨ' ਦੇ ਨਾਂ ਤੇ ਲੱਖ ਲੱਖ ਅਤੇ ਪੰਜਾਹ ਪੰਜਾਹ ਹਜਾਰ ਰੁਪਏ ਦੇ ਕੇ ਵੀ ਸਰਕਾਰੀ ਧਨ ਦੀ ਦੁਰਵਰਤੋਂ ਕੀਤੀ ਗਈ।

ਪੰਜਾਬੀ ਸਾਹਿਤਕਾਰਾਂ, ਕਲਾਕਾਰਾਂ ਅਤੇ ਗਾਇਕਾਂ ਆਦਿ ਨੂੰ ਪੰਜਾਬ ਸਰਕਾਰ ਵਲੋਂ ਹਰ ਸਾਲ ਦੋ ਵੱਡੇ ਪੁਰਸਕਾਰ ਜਿਨ੍ਹਾਂ ਦੇ ਨਾਮ 'ਪੰਜਾਬੀ ਸਾਹਿਤ ਰਤਨ' ਅਤੇ 'ਸ਼੍ਰੋਮਣੀ ਪੰਜਾਬੀ ਸਾਹਿਤਕਾਰ' ਹਨ, ਦਿੱਤੇ ਜਾਂਦੇ ਹਨ। ਇਹ ਪੁਰਸਕਾਰ ਭਾਸ਼ਾ ਵਿਭਾਗ ਵਲੋਂ, ਆਪਣੇ ਸਲਾਹਕਾਰ ਬੋਰਡ ਦੀ ਸਲਾਹ ਤੇ ਦਿੱਤੇ ਜਾਂਦੇ ਹਨ। ਇੰਝ ਪੰਜਾਬ ਸਰਕਾਰ ਦਾ ਕੋਈ ਹੋਰ ਅਦਾਰਾ ਬਿਨਾਂ ਪੰਜਾਬ ਸਰਕਾਰ ਦੀ ਮਨਜ਼ੂਰੀ ਦੇ, ਆਪਣੇ ਆਪ ਵੱਖਰੇ ਪੁਰਸਕਾਰ ਨਹੀਂ ਦੇ ਸਕਦਾ।

(ੳ) ਇਸੇ ਸਮੇਂ ਦੌਰਾਨ ਕਲਾ ਪ੍ਰੀਸ਼ਦ ਵਲੋਂ, 28 ਲੱਖ 50 ਹਜ਼ਾਰ ਰੁਪਏ ਸਨਮਾਨਾਂ ਦੇ ਰੂਪ ਵਿਚ ਖਰਚ ਕੀਤੇ ਗਏ। 26 ਸਾਹਿਤਕਾਰਾਂ ਅਤੇ ਕਲਾਕਾਰਾਂ ਨੂੰ ਇਕ ਇਕ ਲੱਖ ਰੁਪਏ ਦੀ ਅਤੇ 5 ਸ਼ਖ਼ਸੀਅਤਾਂ ਨੂੰ 'ਮਾਂ ਬੋਲੀ ਦਿਵਸ ਪੁਰਸਕਾਰ' ਦੇ ਨਾਂ ਤੇ ਪੰਜਾਹ ਪੰਜਾਹ ਹਜ਼ਾਰ ਰੁਪਏ ਦੀ ਰਕਮ ਦਿੱਤੀ ਗਈ। ਇਕ ਇਕ ਲੱਖ ਰੁਪਏ ਦਾ ਸਨਮਾਨ ਪ੍ਰਾਪਤ ਕਰਨ ਵਾਲਿਆਂ ਵਿਚ ਵਰਿਆਮ ਸਿੰਘ ਸੰਧੂ, ਜੋਗਿੰਦਰ ਸਿੰਘ ਕੈਰੋਂ, ਗੁਲਜ਼ਾਰ ਸਿੰਘ ਸੰਧੂ, ਗੁਰਬਚਨ ਸਿੰਘ ਭੁੱਲਰ, ਤੇਜਵੰਤ ਗਿੱਲ, ਗੁਰਮੁੱਖ ਸਿੰਘ ਲਾਲੀ, ਕਰਮਜੀਤ ਸਿੰਘ ਆਦਿ ਸ਼ਾਮਲ ਹਨ। 50/50 ਹਜ਼ਾਰ ਰੁਪਏ ਦਾ ਸਨਮਾਨ ਪ੍ਰਾਪਤ ਕਰਨ ਵਾਲਿਆਂ ਵਿਚ ਸਤਿੰਦਰ ਪਾਲ ਸਿੰਘ, ਧਰਮ ਚੰਦ ਵਾਤਿਸ, ਗੁਰਬਚਨ ਸਿੰਘ ਰਾਹੀ ਆਦਿ ਸ਼ਾਮਲ ਹਨ।

(ਅ) ਵਰਨਣਯੋਗ ਹੈ ਕਿ ਕਲਾ ਪ੍ਰੀਸ਼ਦ ਵਲੋ ਉਪਲਬਧ ਕਰਵਾਈ ਸੂਚਨਾ ਅਨੁਸਾਰ ਸਨਮਾਨ ਦੇਣ ਜਾਂ ਸਨਮਾਨਾਂ ਦੀ ਚੋਣ ਪ੍ਰਕਿਰਿਆ ਲਈ ਪੰਜਾਬ ਸਰਕਾਰ ਵਲੋਂ ਕੋਈ ਨਿਯਮ ਨਹੀਂ ਬਣਾਏ ਗਏ। ਸੂਚਨਾ ਅਨੁਸਾਰ ਸਨਮਾਨਾਂ ਦੀ ਚੋਣ 'ਚੇਅਰਮੈਨ ਸਾਹਿਬ ਵਲੋਂ ਕੋਰ ਕਮੇਟੀ/ਅਹੁਦੇਦਾਰਾਂ ਦੀ ਸਲਾਹ ਨਾਲ ਕੀਤੀ ਜਾਂਦੀ ਹੈ।'

ਇਸ ਉਦੇਸ਼ ਲਈ ਸਰਕਾਰੀ ਧਨ ਦੀ ਕੀਤੀ ਗਈ ਦੁਰਵਰਤੋਂ ਸਿੱਧ ਕਰਦੇ ਤਰਕ:

(ੳ) ਪੰਜਾਬ ਸਰਕਾਰ ਵਲੋਂ ਅਜਿਹੇ ਕੋਈ ਨਿਯਮ ਨਹੀਂ ਬਣਾਏ ਗਏ ਜਿੰਨ੍ਹਾਂ ਅਧੀਨ ਕਲਾ ਪ੍ਰੀਸ਼ਦ ਨੂੰ, ਕਿਸੇ ਸਖਸ਼ੀਅਤ ਨੂੰ, ਕੋਈ ਸਨਮਾਨ ਜਾਂ ਪੁਰਸਕਾਰ ਦੇਣ ਦਾ ਅਧਿਕਾਰ ਦਿੱਤਾ ਗਿਆ ਹੋਵੇ। ਬਿਨਾਂ ਕਿਸੇ ਕਾਨੂੰਨੀ ਵਿਵਸਥਾ ਦੇ ਦਿੱਤੇ ਪੁਰਸਕਾਰ ਗੈਰ ਕਾਨੂੰਨੀ ਹਨ। ਅਤੇ ਇਹ ਸਰਕਾਰੀ ਧਨ ਦੀ ਸਪਸ਼ਟ ਦੁਰਵਰਤੋਂ ਹੈ।

(ਅ) ਸਨਮਾਨ ਪ੍ਰਾਪਤ ਕਰਨ ਵਾਲਾ ਘੱਟੋ ਘੱਟ ਇੱਕ ਵਿਅਕਤੀ ਕਲਾ ਪ੍ਰੀਸ਼ਦ ਦੀ ਉਸ ਕਮੇਟੀ ਦਾ ਮੈਂਬਰ ਹੈ ਜਿਹੜੀ 'ਸਨਮਾਨ' ਦੇਣ ਦੇ ਫੈਸਲੇ ਕਰਦੀ ਹੈ। ਇਸ ਮੈਂਬਰ ਨੇ ਇਕ ਲੱਖ ਰੁਪਏ ਆਪਣੀ ਜੇਬ ਵਿਚ ਪਾ ਕੇ ਸਰਕਾਰੀ ਧਨ ਦੀ ਦੁਰਵਰਤੋਂ ਕੀਤੀ ਅਤੇ ਕਲਾ ਪ੍ਰੀਸ਼ਦ ਦੇ ਬਾਕੀ ਸਬੰਧਤ ਆਹੁਦੇਦਾਰਾਂ ਨੇ ਉਸ ਵਿਅਕਤੀ ਨੂੰ ਸਨਮਾਨ ਦੇਣ ਦੇ ਫੈਸਲੇ ਨਾਲ ਸਹਿਮਤੀ ਪ੍ਰਗਟਾ ਕੇ ਸਰਕਾਰੀ ਧਨ ਦੀ ਦੁਰਵਰਤੋਂ ਹੋਣ ਵਿਚ ਯੋਗਦਾਨ ਪਾਇਆ!

ਧਿਆਨ ਯੋਗ ਹੈ ਕਿ ਗੈਰ-ਕਾਨੂੰਨੀ ਢੰਗ ਨਾਲ ਸਨਮਾਨ ਦੇਣ ਅਤੇ ਸਨਮਾਨਾਂ ਤੇ ਸਰਕਾਰੀ ਧਨ ਦੀ ਦੁਰਵਰਤੋਂ ਦਾ ਸਿਲਸਿਲਾ ਹਾਲੇ ਵੀ ਜਾਰੀ ਹੈ।

3(3). ਬਿਨਾਂ ਕਾਨੂੰਨੀ ਪ੍ਰਕਿਰਿਆ ਅਪਣਾਏ ਕਲਾ ਪ੍ਰੀਸ਼ਦ ਦੇ ਪ੍ਰਮੁੱਖ ਆਹੁਦੇਦਾਰਾਂ ਵਲੋਂ ਕੁੱਝ ਚੋਣਵੀਆਂ ਸੰਸਥਾਵਾਂ ਅਤੇ ਵਿਅਕਤੀਆਂ ਨੂੰ ਮਾਲੀ ਸਹਾਇਤਾ ਦੇ ਨਾਂ ਤੇ ਲੱਖਾਂ ਰੁਪਏ ਵੰਡ ਕੇ ਸਰਕਾਰੀ ਧਨ ਦੀ ਦੁਰਵਰਤੋਂ ਕੀਤੀ ਗਈ।

ਪੰਜਾਬ ਸਰਕਾਰ ਦੇ ਨਿਯਮਾਂ ਅਨੁਸਾਰ ਪੰਜਾਬ ਕਲਾ ਪ੍ਰੀਸ਼ਦ ਨੂੰ ਪੰਜਾਬ ਸਰਕਾਰ ਵਲੋਂ ਜੋ ਮਾਲੀ ਸਹਾਇਤਾ/ਗਰਾਂਟ ਦਿੱਤੀ ਜਾਂਦੀ ਹੈ, ਕਲਾ ਪ੍ਰੀਸ਼ਦ ਉਸ ਦੀ ਵਰਤੋਂ, ਪੰਜਾਬ ਕਲਾ ਪ੍ਰੀਸ਼ਦ ਦੇ ਸੰਵਿਧਾਨ ਵਿਚ ਦਰਜ ਕਾਰਜਾਂ ਦੀ ਪੂਰਤੀ/ਪ੍ਰਫੁੱਲਤਾ ਲਈ ਹੀ ਕਰ ਸਕਦੀ ਹੈ। ਪੰਜਾਬ ਕਲਾ ਪ੍ਰੀਸ਼ਦ ਇਸ ਮਾਲੀ ਸਹਾਇਤਾ ਨੂੰ ਕਿਸੇ ਹੋਰ ਸੰਸਥਾ ਜਾਂ ਵਿਅਕਤੀ ਨੂੰ ਮਾਲੀ ਸਹਾਇਤਾ ਦੇ ਤੌਰ ਤੇ ਦੇਣ ਦਾ ਅਧਿਕਾਰ ਨਹੀਂ ਰੱਖਦੀ। ਫੇਰ ਵੀ:

(ੳ) ਇਸ ਸਮੇਂ ਦੌਰਾਨ ਕਲਾ ਪ੍ਰੀਸ਼ਦ ਵਲੋਂ 74 ਸੰਸਥਾਵਾਂ (ਅਤੇ ਵਿਅਕਤੀਆਂ) ਨੂੰ 45 ਲੱਖ 01 ਹਜ਼ਾਰ ਰੁਪਏ ਦੀ ਮਾਲੀ ਸਹਾਇਤਾ ਦਿੱਤੀ ਗਈ। ਕਈ ਆਪਣੀਆਂ ਚਹੇਤੀਆਂ ਸੰਸਥਾਵਾਂ ਅਤੇ ਇਕ ਸ਼ਖਸ਼ੀਅਤ ਨੂੰ ਇਕ ਇਕ ਲੱਖ ਲੱਖ ਤੋਂ ਵੱਧ ਦੀ ਰਕਮ ਦਿੱਤੀ ਗਈ। ਇੰਨ੍ਹਾਂ ਜ਼ਿਕਰਯੋਗ ਸੰਸਥਾਵਾਂ ਦੇ ਨਾਂ ਹਨ: (ੳ) ਪੰਜਾਬੀ ਸਾਹਿਤ ਸਭਾ, ਪੰਜਾਬੀ ਯੂਨੀਵਰਸਟੀ ਪਟਿਆਲਾ (ਡਾ ਸੁਰਜੀਤ ਸਿੰਘ) ਨੂੰ 3 ਲੱਖ 30 ਹਜ਼ਾਰ ਰੁਪਏ, (ਅ) ਮਾਲਵਾ ਹੈਰੀਟੇਜ ਐਂਡ ਕਲਚਰਲ ਫਾਊਂਡੇਸ਼ਨ ਬਠਿੰਡਾ (ਹਰਵਿੰਦਰ ਸਿੰਘ) ਨੂੰ 6 ਲੱਖ ਰੁਪਏ, (ੲ) ਪੰਜਾਬ ਜਾਗ੍ਰਿਤੀ ਮੰਚ ਨੂੰ 1 ਲੱਖ 50 ਹਜ਼ਾਰ ਰੁਪਏ, (ਸ) ਕੇਂਦਰੀ ਪੰਜਾਬੀ ਲੇਖਕ ਸਭਾ ਰਜਿ: (ਡਾ ਸਰਬਜੀਤ ਸਿੰਘ ਅਤੇ ਸੁਸ਼ੀਲ ਦੁਸਾਂਝ) ਨੂੰ 1 ਲੱਖ 20 ਹਜ਼ਾਰ ਰੁਪਏ, (ਸ). ਭਾਈ ਕਾਨ੍ਹ ਸਿੰਘ ਨਾਭਾ ਰਚਨਾ ਵਿਚਾਰ ਮੰਚ ਨਾਭਾ ਨੂੰ 1 ਲੱਖ 10 ਹਜ਼ਾਰ ਰੁਪਏ, (ਹ) ਨਾਦ ਪ੍ਰਗਾਸ ਅੰਮ੍ਰਿਤਸਰ ਨੂੰ 1 ਲੱਖ ਰੁਪਏ ਅਤੇ (ਕ) ਅਦਾਰਾ ਸ਼ਬਦ ਜੋਤ, ਲੁਧਿਆਣਾ (ਰਵਿੰਦਰ ਸਿੰਘ) ਨੂੰ 1 ਲੱਖ 02 ਹਜ਼ਾਰ ਰੁਪਏ ਦੀ ਸਹਾਇਤਾ ਦਿੱਤੀ ਗਈ। ਸਖਸ਼ੀਅਤਾਂ ਵਿਚ ਜਿੰਨ੍ਹਾਂ ਦਾ ਨਾਂ ਜ਼ਿਕਰਯੋਗ ਹੈ ਸ੍ਰੀ ਪੰਕਜ ਸਚਦੇਵਾ (ਅੰਮ੍ਰਿਤਸਰ) ਜਿਨ੍ਹਾਂ ਨੂੰ 1 ਲੱਖ 60 ਹਜ਼ਾਰ ਰੁਪਏ ਦਿੱਤੇ ਗਏ।

ਇਸ ਉਦੇਸ਼ ਲਈ ਸਰਕਾਰੀ ਧਨ ਦੀ ਕੀਤੀ ਗਈ ਦੁਰਵਰਤੋਂ ਸਿੱਧ ਕਰਦੇ ਤਰਕ:

(ੳ) ਪ੍ਰੀਸ਼ਦ ਦੇ ਚੇਅਰਮੈਨ ਅਤੇ/ਜਾਂ ਹੋਰ ਅਹੁਦੇਦਾਰਾਂ ਨੂੰ, ਕਲਾ ਪ੍ਰੀਸ਼ਦ ਨੂੰ ਮਿਲੀ ਰਕਮ ਨੂੰ ਅਗਾਂਹ ਹੋਰ ਸੰਸਥਾਵਾਂ ਨੂੰ ਮਾਲੀ ਸਹਾਇਤਾ ਵਜੋਂ ਦੇਣ ਦਾ ਅਧਿਕਾਰ ਪ੍ਰਾਪਤ ਨਹੀਂ ਹੈ। ਜੇ ਅਧਿਕਾਰ ਪ੍ਰਾਪਤ ਹੈ ਤਾਂ ਮਾਲੀ ਸਹਾਇਤਾ ਦੇਣ ਲਈ ਠੋਸ ਮਾਪਦੰਡ ਨਿਰਧਾਰਤ ਨਹੀਂ ਕੀਤੇ ਗਏ। ਜੇ ਮਾਪਦੰਡ ਹਨ ਵੀ ਤਾਂ ਵੀ 45 ਲੱਖ ਰੁਪਏ ਦੀ ਵੱਡੀ ਰਕਮ ਮਨਜ਼ੂਰ ਕਰਨ ਤੋਂ ਪਹਿਲਾਂ ਨਾ ਉਹ ਮਾਪਦੰਡ ਅਪਣਾਏ ਗਏ ਅਤੇ ਨਾਂ ਹੀ ਮਾਲੀ ਸਹਾਇਤਾ ਲਈ ਯੋਗ ਸੰਸਥਾ ਦੀ ਚੋਣ ਕਰਦੇ ਸਮੇਂ ਕੋਈ ਤਰਕ ਸੰਗਤ ਚੋਣ ਪ੍ਰਕਿਰਿਆ ਅਪਣਾਈ ਗਈ।(ਅ) ਪੰਜਾਬੀ ਸਾਹਿਤ ਸਭਾ, ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਵਿਦਿਆਰਥੀਆਂ ਦੀ ਸਭਾ ਹੈ। ਪੰਜਾਬ ਦੀਆਂ ਹੋਰ ਯੂਨੀਵਰਸਿਟੀਆਂ ਵਿੱਚ ਵੀ ਵਿਦਿਆਰਥੀਆ ਨੇ ਪੰਜਾਬੀ ਸਾਹਿਤ ਸਭਾਵਾਂ ਬਣਾਈਆਂ ਹੋਈਆਂ ਹਨ। ਉਨ੍ਹਾਂ ਸਭਾਵਾਂ ਨੂੰ ਇਕ ਵਾਰ ਵੀ ਮਾਲੀ ਸਹਾਇਤਾ ਨਹੀਂ ਦਿੱਤੀ ਗਈ। (ੲ) ਪੰਜਾਬੀ ਲੇਖਕਾਂ ਦੀ ਇਕ ਹੋਰ, ਕੇਂਦਰੀ ਪੰਜਾਬੀ ਲੇਖਕ ਸਭਾ (ਸੇਖੋਂ) ਵੀ ਹੈ। ਇਸ ਸਭਾ ਨੂੰ ਇਕ ਵਾਰ ਵੀ ਮਾਲੀ ਸਹਾਇਤਾ ਨਹੀਂ ਦਿੱਤੀ ਗਈ। (ਸ) ਭਾਈ ਕਾਨ੍ਹ ਸਿੰਘ ਨਾਭਾ ਰਚਨਾ ਵਿਚਾਰ ਮੰਚ ਨਾਭਾ, ਨਾਦ ਪ੍ਰਗਾਸ ਅੰਮ੍ਰਿਤਸਰ, ਅਦਾਰਾ ਸ਼ਬਦ ਜੋਤ ਲੁਧਿਆਣਾ ਅਤੇ ਪੰਜਾਬ ਜਾਗ੍ਰਿਤੀ ਮੰਚ ਵਰਗੀਆਂ ਹੋਰ ਵੀ ਬਹੁਤ ਸਾਰੀਆਂ ਅਜਿਹੀਆਂ ਸੰਸਥਾਵਾਂ ਹਨ ਜੋ ਇਨ੍ਹਾਂ ਸੰਸਥਾਵਾਂ ਵਾਂਗ ਹੀ ਵੱਡੇ ਵੱਡੇ ਮੇਲੇ, ਕਵੀ ਦਰਬਾਰ ਅਤੇ ਸਨਮਾਨ ਸਮਾਰੋਹ ਕਰਵਾਉਂਦੀਆਂ ਹਨ। ਅਜਿਹੀ ਕਿਸੇ ਹੋਰ ਸੰਸਥਾ ਨੂੰ ਇਨ੍ਹਾਂ ਜਿੰਨੀ ਮਾਲੀ ਸਹਾਇਤਾ ਨਹੀਂ ਦਿੱਤੀ ਗਈ। ਇੰਝ ਆਪਣੀਆਂ ਚਹੇਤੀਆਂ ਸੰਸਥਾਵਾਂ ਨੂੰ 'ਮਾਲੀ ਸਹਾਇਤਾ' ਦੇ ਨਾਂ ਤੇ ਵੱਡੀ ਰਕਮ ਦੇ ਕੇ ਕਲਾ ਪ੍ਰੀਸ਼ਦ ਦੇ ਪ੍ਰਮੁੱਖ ਅਹੁਦੇਦਾਰਾਂ ਵਲੋਂ ਸਰਕਾਰੀ ਧਨ ਦੀ ਦੁਰਵਰਤੋਂ ਕੀਤੀ ਗਈ।

3(4). ਵਿਸ਼ਵ ਕਾਨਫਰੰਸਾਂ ਅਤੇ ਮੇਲਿਆਂ ਲਈ ਲੱਖਾਂ ਰੁਪਏ ਵੰਡ ਕੇ ਵੀ ਪੰਜਾਬ ਕਲਾ ਪ੍ਰੀਸ਼ਦ ਦੇ ਪ੍ਰਮੁੱਖ ਅਹੁਦੇਦਾਰਾਂ ਵਲੋਂ ਸਰਕਾਰੀ ਧਨ ਦੀ ਦੁਰਵਰਤੋਂ ਕੀਤੀ ਗਈ।

ਇਸੇ ਸਮੇਂ ਦੌਰਾਨ ਕਲਾ ਪ੍ਰੀਸ਼ਦ ਵਲੋਂ, ਕੱਝ ਵਿਸ਼ੇਸ਼ ਵਿਸ਼ਵ ਕਾਨਫਰੰਸਾਂ ਅਤੇ ਮੇਲਿਆਂ ਨੂੰ ਮਾਲੀ ਸਹਾਇਤਾ ਦੇ ਨਾਂ ਤੇ 8 ਲੱਖ ਤੋਂ ਵੱਧ ਰੁਪਏ ਵੰਡੇ ਗਏ। ਜਿਵੇਂ ਕਿਸੇ (1) ਕਿਸੇ 'ਵਰਲਡ ਪੰਜਾਬੀ ਕਾਨਫਰੰਸ' ਲਈ 4 ਲੱਖ 91 ਹਜ਼ਾਰ 584 ਰੁਪਏ, (2) ਪੰਜਾਬੀ ਯੂਨੀਵਰਸਿਟੀ ਪਟਿਆਲਾ ਨੂੰ ਵਿਸ਼ਵ ਪੰਜਾਬੀ ਕਾਨਫਰੰਸ ਲਈ 2 ਲੱਖ ਰੁਪਏ ਅਤੇ (3) ਮਿਲਟਰੀ ਫੈਸਟੀਵਲ ਚੰਡੀਗੜ੍ਹ ਲਈ 1 ਲੱਖ 29 ਹਜ਼ਾਰ ਰੁਪਏ ਦਿਤੇ ਗਏ।

ਇਸ ਉਦੇਸ਼ ਲਈ ਸਰਕਾਰੀ ਧਨ ਦੀ ਕੀਤੀ ਗਈ ਦੁਰਵਰਤੋਂ ਸਿੱਧ ਕਰਦੇ ਤਰਕ:

(ੳ) ਪੰਜਾਬੀ ਯੂਨੀਵਰਸਿਟੀ ਪਟਿਆਲਾ ਦਾ ਬਜਟ ਪੰਜਾਬ ਕਲਾ ਪ੍ਰੀਸਦ ਨਾਲੋਂ ਬੀਸੀਆਂ ਗੁਣਾਂ ਵੱਧ ਹੈ। ਯੂਨੀਵਰਸਿਟੀ ਨੂੰ ਵਿਸ਼ਵ ਪੰਜਾਬੀ ਸੰਮੇਲਨ ਲਈ ਅਤੇ ਹੋਰ ਸਮਾਗਮਾਂ ਲਈ ਦਿੱਤੀ ਗਈ ਮਾਲੀ ਸਹਾਇਤਾ ਸਰਕਾਰੀ ਧਨ ਦੀ ਸਪਸ਼ਟ ਦੁਰਵਰਤੋਂ ਹੈ। (ਅ) ਜਿਨ੍ਹਾਂ ਸੰਸਥਾਵਾਂ ਨੂੰ ਮਾਲੀ ਸਹਾਇਤਾ ਦਿੱਤੀ ਗਈ ਉਨ੍ਹਾਂ ਦੇ ਪੱਧਰ ਦੇ, ਹੋਰ ਵੀ ਬਹੁਤ ਸਾਰੀਆਂ ਸੰਸਥਾਵਾਂ ਮੇਲੇ ਅਤੇ ਵਿਸ਼ਵ ਸੰਮੇਲਨ ਕਰਵਾਉਂਦੀਆਂ ਹਨ। ਅਜਿਹੀਆਂ ਹੋਰ ਸੰਸਥਾਵਾਂ ਨੂੰ ਅੱਖੋਂ ਪਰੋਖੇ ਕਰਕੇ, ਕੁੱਝ ਚੋਣਵੀਆਂ ਸੰਸਥਾਵਾਂ ਨੂੰ ਮਾਲੀ ਸਹਾਇਤਾ ਦੇ ਕੇ ਕਲਾ ਪ੍ਰੀਸ਼ਦ ਦੇ ਸਬੰਧਤ ਅਧਿਕਾਰੀਆਂ ਵਲੋਂ ਸਰਕਾਰੀ ਧਨ ਦੀ ਦੁਰਵਰਤੋਂ ਕੀਤੀ ਗਈ ਹੈ।

3(5). ਪੰਜਾਬ ਕਲਾ ਪ੍ਰੀਸ਼ਦ ਦੇ ਪ੍ਰਮੁੱਖ ਆਹੁਦੇਦਾਰਾਂ ਵਲੋਂ ਸੰਗੀਤਕ ਸ਼ਾਮਾਂ ਤੇ ਆਪਣੇ ਚਹੇਤੇ ਗੀਤਕਾਰਾਂ ਨੂੰ ਬੁਲਾ ਕੇ ਮਨ ਮਰਜ਼ੀ ਦੀ ਮਾਣ ਭੇਟਾ ਦਿੱਤੀ ਗਈ ਅਤੇ ਸਰਕਾਰੀ ਧਨ ਦੀ ਦੁਰਵਰਤੋਂ ਕੀਤੀ ਗਈ

ਇਸੇ ਸਮੇਂ ਦੌਰਾਨ ਕਲਾ ਪ੍ਰੀਸ਼ਦ ਵਲੋਂ ਕਈ ਸੰਗੀਤਕ ਸ਼ਾਮਾਂ ਅਤੇ ਕਵੀ ਦਰਬਾਰ ਕਰਵਾਏ ਗਏ। ਅਤੇ ਇਨ੍ਹਾਂ ਸਮਾਗਮਾਂ ਤੇ 29 ਲੱਖ ਰੁਪਏ ਖਰਚ ਕੀਤੇ। ਸੰਗੀਤਕ ਸ਼ਾਮਾਂ ਵਿਚ ਪੇਸ਼ਕਾਰੀਆਂ ਲਈ ਆਪਣੇ ਚਹੇਤੇ ਗਾਇਕਾਂ ਨੂੰ ਬੁਲਾਇਆ ਗਿਆ ਅਤੇ ਤਿੰਨ ਤਿੰਨ ਲੱਖ ਰੁਪਏ ਤੱਕ ਦਿੱਤੇ ਗਏ। ਕਈ ਹੋਰਾਂ ਨੂੰ 3/3,4/4/ ਵਾਰ ਬੁਲਾ ਕੇ ਲੱਖਾਂ ਰੁਪਏ ਦਿੱਤੇ ਗਏ। ਜਿਵੇਂ: (1) ਰੱਬੀ ਸ਼ੇਰਗਿੱਲ ਨੂੰ 3 ਲੱਖ 54 ਹਜ਼ਾਰ ਰੁਪਏ, (2) ਭਾਈ ਬਲਦੀਪ ਸਿੰਘ ਨੂੰ 3 ਲੱਖ ਰੁਪਏ, (3) ਦੇਵ ਦਿਲਦਾਰ ਨੂੰ ਚਾਰ ਵਾਰ ਬੁਲਾ ਕੇ 1 ਲੱਖ 20 ਹਜ਼ਾਰ ਰੁਪਏ, (4) ਗੁਲਫਾਮ ਅਹਿਮਦ ਨੂੰ ਦੋ ਵਾਰ ਬੁਲਾ ਕੇ 1 ਲੱਖ ਰੁਪਏ ਅਤੇ (5) ਭੁਪਿੰਦਰ ਸਿੰਘ ਨੂੰ 2 ਵਾਰ ਬੁਲਾ ਕੇ 1 ਲੱਖ ਰੁਪਏ ਦਿੱਤੇ ਗਏ।

ਇਸ ਉਦੇਸ਼ ਲਈ ਸਰਕਾਰੀ ਧਨ ਦੀ ਕੀਤੀ ਗਈ ਦੁਰਵਰਤੋਂ ਸਿੱਧ ਕਰਦੇ ਤਰਕ:

(ੳ) ਪੰਜ ਸਾਲ ਵਿੱਚ ਕਿਸੇ ਵੀ ਗਾਇਕ ਨੂੰ ਪੇਸ਼ਕਾਰੀ ਲਈ ਦੋ ਵਾਰ ਤੋਂ ਵੱਧ ਵਾਰ ਨਹੀਂ ਬੁਲਾਇਆ ਗਿਆ। ਪਰ ਦੇਵ ਦਿਲਦਾਰ ਅਤੇ ਨੀਲੇ ਖਾਂ ਤੇ ਵਿਸ਼ੇਸ਼ ਕਿਰਪਾ ਕੀਤੀ ਗਈ। ਦੇਵ ਦਿਲਦਾਰ ਨੂੰ 4 ਵਾਰ ਅਤੇ ਨੀਲੇ ਖਾਂ ਨੂੰ 3 ਵਾਰ ਬੁਲਾਇਆ ਗਿਆ। ਕਦੇ ਦੇਵ ਦਿਲਦਾਰ ਨੂੰ ਇਕ ਪੇਸ਼ਕਾਰੀ ਲਈ ਇਕ ਵਾਰ 5 ਹਜ਼ਾਰ ਰੁਪਏ, ਕਦੇ 35/35 ਹਜ਼ਾਰ ਰੁਪਏ ਅਤੇ ਕਦੇ 45 ਹਜ਼ਾਰ ਰੁਪਏ ਦਿੱਤੇ ਗਏ। ਇਸੇ ਤਰ੍ਹਾਂ ਨੀਲੇ ਖਾਂ ਨੂੰ ਇਕ ਪੇਸ਼ਕਾਰੀ ਲਈ (2 ਵਾਰ) 5/5 ਹਜ਼ਾਰ ਰੁਪਏ ਅਤੇ ਇਕ ਵਾਰ 40 ਹਜ਼ਾਰ ਰੁਪਏ ਦਿੱਤੇ ਗਏ।ਇੰਝ 5 ਹਜ਼ਾਰ ਰੁਪਏ ਪ੍ਰਤੀ ਪੇਸ਼ਕਾਰੀ ਲੈਣ ਵਾਲੇ ਕਲਾਕਾਰ ਨੂੰ 40/40, 45/45 ਹਜ਼ਾਰ ਰੁਪਏ ਦਿੱਤੇ ਗਏ। ਇਹ ਸਰਕਾਰੀ ਧਨ ਦੀ ਸਪਸ਼ਟ ਦੁਰਵਰਤੋਂ ਹੈ।

4. ਪੰਜਾਬ ਲਲਿਤ ਕਲਾ ਅਕੈਡਮੀ ਵਲੋਂ ਪਿਛਲੇ 6 ਸਾਲਾਂ ਵਿਚ ਕਰੀਬ 2 ਕਰੋੜ ਰੁਪਏ ਇਸ ਅਕੈਡਮੀ ਨਾਲ ਸਬੰਧਿਤ ਕਲਾਵਾਂ ਦੀ ਪ੍ਰਫੁੱਲਤਾ ਲਈ ਖਰਚ ਕੀਤੇ ਗਏ। ਇਹ ਖਰਚ ਕਿੱਥੇ-ਕਿੱਥੇ ਕੀਤਾ ਗਿਆ? ਬਾਰ-ਬਾਰ ਪੁੱਛੇ ਜਾਣ (ਸੂਚਨਾ ਅਧਿਕਾਰ ਕਾਨੂੰਨ 2005 ਅਧੀਨ ਸੂਚਨਾ ਮੰਗੇ ਜਾਣ) ਦੇ ਬਾਵਜੂਦ ਪੰਜਾਬ ਕਲਾ ਪ੍ਰੀਸ਼ਦ ਵਲੋਂ ਇਹ ਵੇਰਵੇ ਉਪਲੱਬਧ ਨਹੀਂ ਕਰਵਾਏ ਗਏ। ਖਰਚੇ ਦੀ ਸੂਚਨਾ ਨੂੰ ਛੁਪਾਉਣ ਦਾ ਇਕੋ ਇਕ ਕਾਰਨ, ਪੰਜਾਬ ਲਲਿਤ ਕਲਾ ਅਕੈਡਮੀ ਦੇ ਅਹੁਦੇਦਾਰਾਂ ਵਲੋਂ, ਅਕੈਡਮੀ ਨੂੰ ਮਿਲੇ ਸਰਕਾਰੀ ਧਨ ਦੀ ਆਪਣੇ ਅਤੇ ਆਪਣੇ ਨਜ਼ਦੀਕੀਆਂ ਦੇ ਹਿੱਤ ਪੂਰਨ ਲਈ ਦੁਰਵਰਤੋਂ ਕੀਤਾ ਜਾਣਾ ਹੈ।

5. ਪੰਜਾਬ ਸਰਕਾਰ ਦੇ ਨਿਯਮਾਂ ਅਤੇ ਹਦਾਇਤਾਂ ਅਨੁਸਾਰ ਪੰਜਾਬ ਸਰਕਾਰ ਅਧੀਨ ਕੰਮ ਕਰਦੇ ਹਰ ਅਦਾਰੇ ਲਈ ਆਪਣੀ ਵੈਬਸਾਈਟ ਬਣਾਉਣਾ ਜ਼ਰੂਰੀ ਹੈ। ਹਰ ਅਦਾਰੇ ਲਈ ਇਹ ਵੀ ਜ਼ਰੂਰੀ ਹੈ ਕਿ ਉਹ ਇਸ ਵੈਬਸਾਈਟ ਤੇ ਸੂਚਨਾ ਅਧਿਕਾਰ ਕਾਨੂੰਨ 2005 ਦੀਆਂ ਵਿਵਸਥਾਵਾਂ ਅਨੁਸਾਰ ਸੂਚਨਾਵਾਂ, ਖਾਸਕਰ ਆਪਣੀ ਆਮਦਨ ਅਤੇ ਖਰਚੇ ਦਾ ਪੂਰਾ ਵੇਰਵਾ ਉਪਲੱਬਧ ਕਰਵਾਵੇ। ਅਦਾਰੇ ਵਲੋਂ ਕੀਤੀਆਂ ਗਈਆਂ ਗਤੀਵਿਧੀਆਂ ਦੀ ਜਾਣਕਾਰੀ ਵੀ ਵੈਬਸਾਈਟ ਉਪਰ ਉਪਲੱਬਧ ਕਰਵਾਉਣੀ ਜ਼ਰੂਰੀ ਹੈ।

ਆਪਣੀਆਂ ਗੈਰ-ਕਾਨੂੰਨੀ ਗਤੀਵਿਧੀਆਂ ਨੂੰ ਲੁਕਾਉਣ ਲਈ ਪੰਜਾਬ ਕਲਾ ਪ੍ਰੀਸ਼ਦ ਵਲੋਂ ਜਾਣਬੁੱਝ ਕੇ ਆਪਣੀ ਵੈਬਸਾਈਟ ਨਹੀਂ ਬਣਵਾਈ ਗਈ।

6. ਪੰਜਾਬ ਕਲਾ ਪ੍ਰੀਸ਼ਦ ਵਲੋਂ ਸੂਚਨਾ ਉਪਲਬਧ ਕਰਾਉਣ ਵਿਚ ਕੀਤੀ ਗਈ ਦੇਰ ਦੇ ਅਰਥ।

ਇਥੇ ਇਹ ਵੀ ਵਰਨਣਯੋਗ ਹੈ ਕਿ ਮੇਰੇ ਸਾਇਲਾਂ ਵਲੋਂ ਹੁਣ ਤੱਕ, ਪੰਜਾਬ ਕਲਾ ਪ੍ਰੀਸ਼ਦ (ਨੋਟਸੀ ਨੰਬਰ 5), ਡਾਇਰੈਕਟਰ ਸਭਿਆਚਾਰ ਵਿਭਾਗ (ਨੋਟਸੀ ਨੰਬਰ 4) ਅਤੇ ਪ੍ਰਮੁੱਖ ਸਕੱਤਰ ਸਭਿਆਚਾਰ ਵਿਭਾਗ (ਨੋਟਸੀ ਨੰਬਰ 3) ਤੱਕ ਦੇ ਸੂਚਨਾ ਅਧਿਕਾਰੀਆਂ ਨੂੰ, ਸੂਚਨਾ ਪ੍ਰਾਪਤ ਕਰਨ ਲਈ 'ਸੂਚਨਾ ਅਧਿਕਾਰ ਕਾਨੂੰਨ 2005' ਅਧੀਨ 7 ਅਰਜ਼ੀਆਂ ਦਿੱਤੀਆਂ ਗਈਆਂ। ਇਨ੍ਹਾਂ ਵਿਚੋਂ ਇਕ ਅਰਜ਼ੀ ਦੇ ਜਵਾਬ ਵਿਚ, ਪੰਜਾਬ ਕਲਾ ਪ੍ਰੀਸ਼ਦ ਦੇ ਸੂਚਨਾ ਅਧਿਕਾਰੀ ਵਲੋਂ ਕੁੱਝ (ਅਧੂਰੀ) ਸੂਚਨਾ ਉਪਲਬਧ ਕਰਵਾਈ ਗਈ । ਬਾਕੀ ਸੂਚਨਾ ਦੇਣ ਤੋਂ ਸਾਰੇ ਸਬੰਧਤ ਅਧਿਕਾਰੀਆਂ ਨੇ ਟਾਲ ਮਟੋਲ ਕੀਤੀ। ਮਹੱਤਵਪੂਰਨ ਸੂਚਨਾ ਉਪਲਬਧ ਨਾ ਕਰਾਉਣ ਤੋਂ ਸਪੱਸ਼ਟ ਹੈ ਕਿ ਪੰਜਾਬ ਕਲਾ ਪ੍ਰੀਸ਼ਦ ਵਲੋਂ ਆਪਣੇ ਸਰਕਾਰੀ ਅਧਿਕਾਰਾਂ ਦੀ ਦੁਰਵਰਤੋਂ ਕੀਤੀ ਗਈ ਹੈ।

7. ਮੇਰੇ ਸਾਇਲਾਂ ਵਲੋਂ ਪੰਜਾਬੀ ਭਾਸ਼ਾ ਪਾਸਾਰ ਭਾਈਚਾਰਾ ਦੀ ਲੈਟਰਪੇਡ ਤੇ ਮਿਤੀ 05/12/2022 ਨੂੰ ਮਾਣਯੋਗ ਰਾਜਪਾਲ ਪੰਜਾਬ, ਮਾਣਯੋਗ ਮੁੱਖ ਮੰਤਰੀ, ਪੰਜਾਬ; ਮਾਣਯੋਗ ਮੰਤਰੀ, ਸੈਰ ਸਪਾਟਾ ਅਤੇ ਸਭਿਆਚਾਰ ਵਿਭਾਗ; ਮੁੱਖ ਸਕੱਤਰ, ਪੰਜਾਬ ਸਰਕਾਰ (ਨੋਟਿਸੀ ਨੰਬਰ 2), ਪ੍ਰਮੁੱਖ ਸਕੱਤਰ, ਸੈਰ ਸਪਾਟਾ ਸਭਿਆਚਾਰ ਵਿਭਾਗ (ਨੋਟਿਸੀ ਨੰਬਰ 3), ਅਤੇ ਡਾਇਰੈਕਟਰ, ਸੈਰ ਸਪਾਟਾ ਸਭਿਆਚਾਰ ਵਿਭਾਗ (ਨੋਟਿਸੀ ਨੰਬਰ 4) ਨੂੰ ਚਿੱਠੀਆਂ ਲਿਖ ਕੇ ਮੰਗ ਕੀਤੀ ਗਈ ਸੀ ਕਿ 'ਪੰਜਾਬ ਕਲਾ ਪ੍ਰੀਸ਼ਦ ਦੇ ਉਚ ਅਹੁਦੇਦਾਰਾਂ ਵਲੋਂ, ਕਲਾ ਪ੍ਰੀਸ਼ਦ ਨੂੰ ਪੰਜਾਬ ਸਰਕਾਰ ਤੋਂ ਮਿਲੀ ਕਰੀਬ 4.80 ਕਰੋੜ ਰੁਪਏ ਦੀ ਗਰਾਂਟ ਵਿਚੋਂ ਵੱਡੀ ਰਕਮ ਦੀ ਕੀਤੀ ਦੁਰਵਰਤੋਂ ਦੀ, ਕਿਸੇ ਸੀਨੀਅਰ ਆਈ.ਏ.ਐਸ. ਅਧਿਕਾਰੀ ਤੋਂ ਜਾਂਚ ਕਰਵਾ ਕੇ, ਕਸੂਰਵਾਰ ਪਾਏ ਗਏ ਅਹੁਦੇਦਾਰਾਂ ਵਿਰੁੱਧ ਬਣਦੀ ਕਾਨੂੰਨੀ (ਦੀਵਾਨੀ, ਫੌਜਦਾਰੀ ਜਾਂ ਦੋਵੇਂ) ਕਾਰਵਾਈ ਕਰਨ ਲਈ ਬੇਨਤੀ। ਤੁਹਾਨੂੰ, ਨੋਟਿਸੀ ਨੰਬਰ 2 ਨੂੰ ਪੱਤਰ ਨੰਬਰ .724 ਮਿਤੀ 05/12/2022, ਨੋਟਿਸੀ ਨੰਬਰ 2 ਨੂੰ ਪੱਤਰ ਨੰਬਰ 725 ਮਿਤੀ 05/12/2022 ਅਤੇ ਨੋਟਿਸੀ ਨੰਬਰ 3 ਨੂੰ ਪੱਤਰ ਨੰਬਰ 726 ਮਿਤੀ 05/12/2022 ਲਿਖੇ ਗਏ

ਸਨ, ਜਿਨ੍ਹਾਂ ਦੀਆਂ ਨਕਲਾਂ ਨੱਥੀ ਹਨ। ਇਨ੍ਹਾਂ ਪੱਤਰਾਂ ਤੇ ਤੁਹਾਡੇ ਨੋਟਿਸੀਜ਼ ਵਲੋਂ ਨਾ ਕੋਈ ਕਾਰਵਾਈ ਕੀਤੀ ਗਈ ਅਤੇ ਨਾ ਹੀ ਕੀਤੀ ਗਈ ਕਾਰਵਾਈ ਬਾਰੇ ਮੇਰੇ ਸਾਇਲਾਂ ਨੂੰ ਕਦੇ ਸੂਚਿਤ ਕੀਤਾ ਗਿਆ।

8. ਉਕਤ ਤੱਥਾਂ ਤੋਂ ਸਪੱਸ਼ਟ ਹੈ ਕਿ ਪ੍ਰੀਸ਼ਦ ਦੇ ਉੱਚ ਅਧਿਕਾਰੀਆਂ ਵਲੋਂ, ਸਰਕਾਰੀ ਧਨ ਦੀ ਵੱਡੇ ਪੱਧਰ ਤੇ ਦੁਰਵਰਤੋਂ ਕੀਤੀ ਗਈ ਹੈ।ਇਹ ਵੀ ਸਪਸ਼ਟ ਹੈ ਕਿ ਸਰਕਾਰੀ ਧਨ ਦੀ ਦੁਰਵਰਤੋਂ ਪੰਜਾਬ ਕਲਾ ਪ੍ਰੀਸ਼ਦ ਦੇ ਅਹੁਦੇਦਾਰਾਂ ਵਲੋਂ ਆਪਣੇ ਆਪ ਨੂੰ ਜਾਂ ਆਪਣੇ ਨਜ਼ਦੀਕੀ ਦੋਸਤਾਂ ਮਿੱਤਰਾਂ ਨੂੰ ਮਾਲੀ ਲਾਭ ਪਹੁੰਚਾਉਣ ਲਈ ਕੀਤੀ ਗਈ। ਅਤੇ ਸਰਕਾਰੀ ਧਨ ਦੀ ਇਸ ਦੁਰਵਰਤੋਂ ਕਾਰਨ ਪੰਜਾਬੀ ਭਾਸ਼ਾ ਸਾਹਿਤ ਅਤੇ ਸੱਭਿਆਚਾਰ ਦੇ ਵਿਕਾਸ ਨੂੰ ਵੱਡੀ ਠੇਸ ਪਹੁੰਚੀ ਹੈ।

9. ਮੰਗੀ ਗਈ ਰਾਹਤ:

ੳ). ਪੰਜਾਬ ਕਲਾ ਪ੍ਰੀਸ਼ਦ ਦੇ ਉਚ ਅਹੁਦੇਦਾਰਾਂ ਵਲੋਂ, ਪੰਜਾਬ ਕਲਾ ਪ੍ਰੀਸ਼ਦ ਨੂੰ ਪੰਜਾਬ ਸਰਕਾਰ ਤੋਂ ਮਿਲੀ ਕਰੀਬ 4.80 ਕਰੋੜ ਰੁਪਏ ਦੀ ਮਿਲੀ ਗਰਾਂਟ ਵਿਚੋਂ ਵੱਡੀ ਰਕਮ ਦੀ ਕੀਤੀ ਦੁਰਵਰਤੋਂ ਦੀ, ਕਿਸੇ ਸੀਨੀਅਰ ਆਈ.ਏ.ਐਸ. ਅਧਿਕਾਰੀ ਤੋਂ ਜਾਂਚ ਕਰਵਾ ਕੇ, ਕਸੂਰਵਾਰ ਪਾਏ ਗਏ ਅਹੁਦੇਦਾਰਾਂ ਵਿਰੁੱਧ ਬਣਦੀ ਕਾਨੂੰਨੀ (ਦੀਵਾਨੀ, ਫੌਜਦਾਰੀ ਜਾਂ ਦੋਵੇਂ) ਕਾਰਵਾਈ ਕੀਤੀ ਜਾਵੇ,

ਅ). ਲੰਬੇ ਸਮੇਂ ਤੋਂ ਪੰਜਾਬ ਕਲਾ ਪ੍ਰੀਸ਼ਦ ਦੇ ਵੱਖ-ਵੱਖ ਵਿਰਾਜਮਾਨ ਅਹੁਦੇਦਾਰਾਂ ਨੂੰ ਤੁਰੰਤ ਬਰਖਾਸਤ ਕਰਕੇ ਪ੍ਰੀਸ਼ਦ ਦੇ ਸੰਵਿਧਾਨ ਅਨੁਸਾਰ ਨਵੀਆਂ ਨਿਯੁਕਤੀਆਂ ਕੀਤੀਆਂ ਜਾਣ,

ੲ). ਪੰਜਾਬ ਕਲਾ ਪ੍ਰੀਸ਼ਦ ਨੂੰ ਹਦਾਇਤ ਕਿ ਉਹ ਤੁਰੰਤ ਆਪਣੀ ਵੈਬਸਾਈਟ ਬਣਾਏ ਅਤੇ ਉਸ ਵੈਬਸਾਈਟ ਤੇ 'ਸੂਚਨਾ ਅਧਿਕਾਰ ਕਾਨੂੰਨ 2005' ਦੀਆਂ ਵਿਵਸਥਾਵਾਂ ਅਨੁਸਾਰ ਲੋੜੀਂਦੀ ਸੂਚਨਾ ਉਪਲੱਬਧ ਕਰਵਾਏ,

ਸ). ਪੰਜਾਬ ਕਲਾ ਪ੍ਰੀਸ਼ਦ ਆਪਣੀ ਆਮਦਨ ਅਤੇ ਖਰਚੇ ਦਾ ਪੂਰਾ ਵੇਰਵਾ ਵੀ ਆਪਣੀ ਵੈਬਸਾਈਟ ਉਪਰ ਉਪਲੱਬਧ ਕਰਵਾਏ

ਹ). ਪੰਜਾਬ ਕਲਾ ਪ੍ਰੀਸ਼ਦ ਮੇਰੇ ਸਾਇਲਾਂ ਨੂੰ ਆਮਦਨ ਅਤੇ ਖਰਚੇ ਦੇ ਮੰਗੇ ਗਏ ਬਾਕੀ ਵੇਰਵੇ ਉਪਲੱਬਧ ਕਰਵਾਏ।

10.ਦੀਵਾਨੀ ਜ਼ਾਬਤੇ ਦੀ ਧਾਰਾ 80 ਦੀਆਂ ਵਿਵਸਥਾਵਾਂ ਦੀ ਪਾਲਣਾ ਕਰਦੇ ਹੋਏ, ਇਸ ਕਾਨੂੰਨੀ ਨੋਟਿਸ ਰਾਹੀਂ ਆਪ ਸਾਰੇ ਨੋਟਿਸੀਜ਼ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਕਾਨੂੰਨ ਵੱਲੋ ਨਿਰਧਾਰਤ 60 ਦਿਨਾਂ ਦੇ ਅੰਦਰ-ਅੰਦਰ ਆਪ ਨੋਟਿਸੀਜ਼ ਉਕਤ ਪੈਰ੍ਹਾ ਨੰ: 9 ਵਿਚ ਮੰਗੀ ਰਾਹਤ ਮੇਰੇ ਸਾਇਲ ਨੂੰ ਉਪਲਬਧ ਕਰਵਾਓ।

11.ਪੈਰ੍ਹਾ ਨੰ:9 ਵਿਚ ਮੰਗੀ ਰਾਹਤ ਨਾ ਮਿਲਣ ਤੇ, ਕਾਨੂੰਨ ਦੁਆਰਾ ਨਿਸ਼ਚਿਤ ਸਮੇਂ ਦੇ ਲੰਘ ਜਾਣ ਬਾਅਦ ਮੇਰਾ ਸਾਇਲ ਆਪ ਸਾਰੇ ਨੋਟਿਸੀਜ਼ ਵਿਰੁੱਧ ਕਾਨੂੰਨੀ ਕਾਰਵਾਈ ਕਰਨ ਲਈ ਮਜਬੂਰ ਹੋਣਗੇ। ਇਸ ਦੀ ਜ਼ਿੰਮੇਵਾਰੀ ਸਬੰਧਤ ਅਧਿਕਾਰੀਆਂ ਦੀ ਹੋਵੇਗੀ।

ਇਸ ਕਾਨੂੰਨੀ ਨੋਟਿਸ ਦੀ ਕਾਪੀ ਰਿਕਾਰਡ ਵਿਚ ਰੱਖੀ ਜਾਂਦੀ ਹੈ।

(ਹਰੀਸ਼ ਰਾਏ ਢਾਂਡਾ)
ਐਡਵੋਕੇਟ

HARISH RAI DHAND
Enrl. No. P/864/1982 Advoca
Ch. No. 333, Distt. Courts, Ludhia
M: 98141-20_50